IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਗੁਰਬਾਣੀ ਵਿੱਚ ਸਹਿਜ ਅਵਸਥਾ ਦਾ ਸੰਕਲਪ

**ਡਾ. ਅਵਤਾਰ ਸਿੰਘ**
**ਸਹਾਇਕ ਪ੍ਰੋਫ਼ੈਸਰ ਪੰਜਾਬੀ,**
**ਗੁਰੂ ਨਾਨਕ ਕਾਲਜ, ਬੁਢਲਾਡਾ (ਮਾਨਸਾ)**

'ਗੁਰਬਾਣੀ ਇਸ ਜਗ ਮਹਿ ਚਾਨਣ' ਦੇ ਮਹਾਂਵਾਕ ਅਨੁਸਾਰ ਗੁਰਬਾਣੀ ਦੈਵੀ-ਜੋਤ ਦਾ ਇਕ ਅਜਿਹਾ ਅਮੁੱਕ ਸਰੋਤ ਹੈ, ਜਿਸ ਰਾਹੀਂ ਜੀਵਨ ਦੇ ਵਿਭਿੰਨ ਖੇਤਰਾਂ ਵਿਚਲਾ ਅਗਿਆਨ ਦਾ ਹਨੇਰਾ ਨਾਸ਼ ਹੁੰਦਾ ਹੈ ਅਤੇ ਗਿਆਨ ਦਾ ਚਾਨਣ ਮਨੁੱਖੀ ਜੀਵਨ ਦੇ ਬਿਖੜੇ ਪੈਂਡੇ ਨੂੰ ਪੁਰਨੂਰ ਕਰਦਾ ਹੈ। ਦਾਰਸ਼ਨਿਕ, ਅਧਿਆਤਮਿਕ, ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਖੇਤਰ ਦੇ ਅਨੇਕਾਂ ਹੀ ਸੰਕਲਪਾਂ ਨੂੰ ਗੁਰਬਾਣੀ ਵਿੱਚ ਸਹਿਜ ਅਵਸਥਾ ਦਾ ਸੰਕਲਪ ਵੀ ਇਕ ਅਜਿਹਾ ਹੀ ਸੰਕਲਪ ਹੈ , ਜੋ ਆਪਣੇ ਬਹੁਪੱਖੀ ਅਤੇ ਬਹੁਅਯਾਮੀ ਰੂਪ ਵਿੱਚ ਪ੍ਰਗਟ ਹੋਇਆ ਹੈ। ਭਗਤ ਕਬੀਰ ਜੀ ਦਾ ਕਥਨ ਹੈ :

ਸਹਜ ਕੀ ਅਕਥ ਕਥਾ ਹੈ ਨਿਰਾਰੀ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥੧॥ -ਗੁਰੂ ਗ੍ਰੰਥ ਸਾਹਿਬ, ਪੰਨਾ ੩੩੩

ਵਾਕਿਆ ਹੀ ਸਹਜ ਬਾਰੇ ਚਰਚਾ ਕਰਨਾ ਨਿਰਾਲਾ ਅਤੇ ਵਿਚਿੱਤਰ ਕਾਰਜ ਹੈ ਕਿਉਂਕਿ ਸਹਿਜ ਸ਼ਬਦ ਇਕ ਬਹੁ-ਅਰਥੀ ਸ਼ਬਦ ਹੈ ਅਤੇ ਗੁਰਬਾਣੀ ਵਿੱਚ ਇਸ ਸ਼ਬਦ ਦੀ ਵਰਤੋਂ ਵੀ ਕਈ ਅਰਥਾਂ ਵਿੱਚ ਹੋਈ ਹੈ। ਉਦਾਹਰਣ ਵਜੋਂ ਸਹਿਜ ਦਾ ਇਕ ਅਰਥ ਸੁਭਾਵਕ ਜਾਂ ਪ੍ਰਾਕਿਰਤਕ ਹੈ। ਜੋ ਕੰਮ ਆਪਣੇ ਆਪ ਕੁਦਰਤੀ ਤੌਰ 'ਤੇ ਹੋ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਕੰਮ ਸਹਿਜ ਨਾਲ਼ ਹੋਇਆ ਹੈ। ਇਸੇ ਲਈ ਗੁਰਬਾਣੀ ਦ੍ਰਿੜ ਕਰਵਾਉਂਦੀ ਹੈ:

ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ।। -ਗੁਰੂ ਗ੍ਰੰਥ ਸਾਹਿਬ, ਪੰਨਾ ੯੫੩

ਸਹਿਜ ਦੇ ਇਕ ਅਰਥ ਸੁਭਾਅ ਦੇ ਵੀ ਹਨ। ਸੁਭਾਅ ਕਿਸੇ, ਖਸਲਤ ਜਾਂ ਆਦਤ ਉੱਤੇ ਹੀ ਨਿਰਭਰ ਕਰਦਾ ਹੈ। ਇਹ ਸੁਭਾਅ ਕੋਸ਼ਿਸ਼ ਕਰਨ ਦੇ ਵੀ ਆਮ ਤੌਰ 'ਤੇ ਬਦਲਿਆ ਨਹੀਂ ਜਾ ਸਕਦਾ । ਭਗਤ ਕਬੀਰ ਜੀ ਦਾ ਕਥਨ ਹੈ:

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ॥ -ਗੁਰੂ ਗ੍ਰੰਥ ਸਾਹਿਬ, ਪੰਨਾ ੪੮੧

ਅਰਥਾਤ ਨਿੰਮ ਨੂੰ ਭਾਵੇਂ ਅੰਮ੍ਰਿਤ ਨਾ ਵੀ ਸਿੰਜੋ, ਫਿਰ ਵੀ ਉਸ ਦਾ ਸੁਭਾਅ ਨਹੀਂ ਬਦਲਦਾ ਭਾਵ ਕੁੜੱਤਣ ਦੂਰ ਨਹੀਂ ਹੁੰਦੀ। ਸਹਿਜ ਦਾ ਇਕ ਹੋਰ ਅਰਥ ਗਿਆਨ ਵੀ ਹੈ। ਇਸੇ ਅਰਥ ਵਿੱਚ ਗੁਰਬਾਣੀ ਦ੍ਰਿੜ ਕਰਵਾਉਂਦੀ ਹੈ:

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥ -ਗੁਰੂ ਗ੍ਰੰਥ ਸਾਹਿਬ, ਪੰਨਾ ੯੧੯

ਸਹਿਜ ਦਾ ਇਕ ਹੋਰ ਅਰਥ ਕਿਸੇ ਕੰਮ ਦਾ ਆਸਾਨੀ ਨਾਲ਼ ਹੋਣਾ ਜਾਂ ਕਿਸੇ ਵਸਤੂ ਦਾ ਆਸਾਨੀ ਨਾਲ਼ ਪ੍ਰਾਪਤ ਹੋਣਾ ਹੈ। ਇਸੇ ਪ੍ਰਥਾਇ ਕਬੀਰ ਜੀ ਦ੍ਰਿੜਾਉਂਦੇ ਹਨ :

ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥ -ਗੁਰੂ ਗ੍ਰੰਥ ਸਾਹਿਬ, ਪੰਨਾ ੧੩੬੭

ਗਿਆਨ ਦਾ ਨਾਲ-ਨਾਲ਼ ਸਹਿਜ ਨੂੰ ਵਿਚਾਰ ਜਾਂ ਵਿਵੇਕ ਦੇ ਅਰਥਾਂ ਵਿੱਚ ਗ੍ਰਹਿਣ ਕੀਤਾ ਜਾਂਦਾ ਹੈ। ਇਸ ਲਈ ਤਾਂ ਗੁਰੂ ਅਮਰਦਾਸ ਜੀ ਦਾ ਆਦੇਸ਼ ਹੈ:

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਗੁਰਬਾਣੀ ਵਿਚ ਸਹਜਿ ਨੂੰ ਆਨੰਦ ਜਾਂ ਸ਼ੱਕ ਰਹਿਤ ਅਵਸਥਾ ਲਈ ਵੀ ਇਸਤੇਮਾਲ ਕੀਤਾ ਗਿਆ ਹੈ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ ਕਿ ਚਉਥੇ ਪਦ ਵਿੱਚ ਸਹਿਜ ਅਰਥਾਤ ਉੱਚ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹ ਆਨੰਦ ਗੁਰਮੁਖ ਦੇ ਹਿੱਸੇ ਆਉਂਦਾ ਹੈ। ਆਪ ਫ਼ੁਰਮਾਉਂਦੇ ਹਨ:-

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਸਹਿਜ ਦਾ ਇੱਕ ਅਰਥ ਪਾਰਬ੍ਰਹਮ ਪਰਮਪਿਤਾ ਪ੍ਰਮਾਤਮਾ ਤੋਂ ਵੀ ਹੈ। ਇਸੇ ਲਈ ਗੁਰੂ ਸਾਹਿਬ ਹਮੇਸ਼ਾ ਹਰ ਘੜੀ, ਹਰ ਪਲ ਛਿਣ ਪ੍ਰਭੂ ਦਾ ਜਸਗਾਨ ਕਰਨ ਲਈ ਆਦੇਸ਼ ਦਿੰਦੇ ਹੋਏ ਦ੍ਰਿੜਾਉਂਦੇ ਹਨ :

ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਇਸ ਤੋਂ ਇਲਾਵਾ ਸਹਿਜ ਦੇ ਇੱਕ ਹੋਰ ਅਰਥ ਨਿਰਯਤਨ ਹਨ। ਜਿਸ ਕੰਮ ਲਈ ਵਿਸ਼ੇਸ਼ ਯਤਨ ਨਾ ਕਰਨਾ ਪਵੇ ਭਾਵ ਜਿਹੜਾ ਕੰਮ ਆਪਣੇ-ਆਪ ਹੀ ਸੁਤੇ ਸਿੱਧ ਹੋ ਜਾਵੇ , ਉਸ ਨੂੰ ਸਹਿਜ ਦੀ ਸੰਗਿਆ ਦਿੱਤੀ ਜਾਂਦੀ ਹੈ। ਗੁਰੂ ਅਮਰਦਾਸ ਜੀ 'ਅਨੰਦੁ' ਬਾਣੀ ਵਿੱਚ ਸਤਿਗੁਰੂ ਦੀ ਪ੍ਰਾਪਤੀ ਅਤੇ ਆਨੰਦ ਦੀ ਵਿਸਮਾਦੀ ਅਵਸਥਾ ਨੂੰ ਬਿਆਨਦੇ ਹੋਏ ਫ਼ਰਮਾਉਂਦੇ ਹਨ :

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ -ਗੁਰੂ ਗ੍ਰੰਥ ਸਾਹਿਬ, ਪੰਨਾ ੯੧੭

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਹਿਜ ਅਨੇਕ ਅਰਥੀ ਸ਼ਬਦ ਹੈ। ਗੁਰਬਾਣੀ ਵਿੱਚ ਭਾਵੇਂ ਸਹਿਜ ਦੇ ਇਹਨਾਂ ਵਿਭਿੰਨ ਅਰਥਾਂ ਦੀ ਸੋਝੀ ਹੁੰਦੀ ਹੈ ਪ੍ਰੰਤੂ ਆਮ ਤੌਰ 'ਤੇ ਗੁਰਬਾਣੀ ਵਿੱਚ ਸਹਿਜ ਸ਼ਬਦ ਨੂੰ ਆਤਮ ਗਿਆਨ ਅਤੇ ਸੁਤੇ ਸਿਧ ਨਿਰਯਤਨ ਪ੍ਰਾਪਤ ਹੋਈ ਉੱਚ ਆਤਮਿਕ ਅਵਸਥਾ ਲਈ ਇਸਤੇਮਾਲ ਕੀਤਾ ਗਿਆ ਹੈ। ਇਸੇ ਨੂੰ ਹੀ ਚਉਥਾ ਪਦ ਜਾਂ ਤੁਰੀਆ ਅਵਸਥਾ ਵੀ ਆਖਿਆ ਜਾਂਦਾ ਹੈ।

ਆਤਮ ਗਿਆਨ ਮਨੁੱਖ ਦੇ ਆਤਮਿਕ-ਕਲਿਆਣ ਲਈ ਅਤਿਅੰਤ ਜ਼ਰੂਰੀ ਹੈ। ਜੀਵ ਇਸ ਸੰਸਾਰ ਵਿੱਚ ਕਿਉਂ ਆਉਂਦਾ ਹੈ? ਆਤਮਾ ਅਤੇ ਪ੍ਰਮਾਤਮਾ ਦਾ ਕੀ ਸਬੰਧ ਹੈ? ਇਸ ਸੰਸਾਰ ਵਿੱਚ ਆ ਕੇ ਜੀਵ ਨੇ ਕੀ ਕਰਨਾ ਹੈ? ਮਨੁੱਖਾ ਜਨਮ ਨੂੰ ਸਕਾਰਥ ਕਿਵੇਂ ਕੀਤਾ ਜਾ ਸਕਦਾ ਹੈ? ਮਨੁੱਖ ਜੀਵਨ ਮੁਕਤ ਕਿਵੇਂ ਹੋ ਸਕਦਾ ਹੈ? ਆਦਿ ਅਨੇਕਾਂ ਹੀ ਅਜਿਹੇ ਪ੍ਰਸ਼ਨ ਹਨ, ਜੋ ਜਗਿਆਸੂ ਦੀ ਉਤਸੁਕਤਾ ਦਾ ਕਾਰਨ ਬਣਦੇ ਹਨ ਅਤੇ ਉਸ ਦੀ ਜਗਿਆਸਾ ਦਾ ਸਮਾਧਾਨ ਮੰਗਦੇ ਹਨ। ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦਾ ਉੱਤਰ ਜੀਵ ਨੂੰ ਉਦੋਂ ਪ੍ਰਾਪਤ ਹੁੰਦਾ ਹੈ , ਜਦੋਂ ਉਹ ਆਤਮ ਗਿਆਨ ਜਾਂ ਸਹਿਜ ਗਿਆਨ ਨਾਲ਼ ਵਰੋਸਾਇਆ ਜਾਂਦਾ ਹੈ। ਇਹ ਸਹਿਜ ਗਿਆਨ ਮਨੁੱਖ ਨੂੰ ਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਮਿਲਦਾ ਹੈ। ਇਸ ਲਈ ਗੁਰੂ ਸਾਹਿਬ ਦਾ ਆਦੇਸ਼ ਹੈ:

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਅਸਲ ਵਿੱਚ ਇਸ ਸੰਸਾਰ ਵਿੱਚ ਆ ਕੇ ਜੀਵ ਸੰਸਾਰਕ ਮੋਹ ਮਾਇਆ ਦੇ ਜਾਲ ਵਿੱਚ ਇਸ ਹੱਦ ਤੱਕ ਫਸ ਜਾਂਦਾ ਹੈ ਕਿ ਉਸ ਨੂੰ ਆਪਣੇ ਮਨੁੱਖਾ ਜਨਮ ਦੇ ਵਾਸਤਵ ਮਨੋਰਥ ਦਾ ਹੀ ਗਿਆਨ ਨਹੀਂ ਰਹਿੰਦਾ। ਮਨੁੱਖਾ ਦੇਹੀ ਤਾਂ ਅਨੇਕਾਂ ਜੋਨੀਆਂ ਵਿੱਚ ਭੋਗੇ ਪੂਰਬਲੇ ਜਨਮਾਂ ਵਿੱਚ ਕੀਤੇ ਹੋਏ ਨੇਕ ਕਰਮਾਂ ਦੇ ਫ਼ਲ ਵਜੋਂ ਪ੍ਰਾਪਤ ਹੁੰਦੀ ਹੈ ਤਾਂ ਕਿ ਇਸ ਜਨਮ ਨੂੰ 'ਗੋਬਿੰਦ ਮਿਲਣ ਦੀ ਬਰੀਆ' ਸਮਝ ਕੇ ਜੀਵ ਪ੍ਰਭੂ ਨਾਲ਼ ਇਕਸੁਰਤਾ ਅਤੇ ਇਕਮਿਕਤਾ ਲਈ ਯਤਨਸ਼ੀਲ ਹੋਵੇ। ਪ੍ਰੰਤੂ ਇਸ ਸੰਸਾਰ ਵਿੱਚ ਸੰਸਾਰਕ ਪ੍ਰਾਪਤੀਆਂ ਦਾ ਅਜਿਹਾ ਭਿਅੰਕਰ ਮੋਹ ਮਾਇਆ ਜਾਲ ਹੈ, ਕਿ ਜੀਵ ਇਨ੍ਹਾਂ ਦੀ ਤਾਣੀ ਵਿੱਚ ਹੀ ਉਲਝ ਕੇ ਇਨ੍ਹਾਂ ਪ੍ਰਾਪਤੀਆਂ ਨੂੰ ਹੀ ਜੀਵਨ ਦਾ ਅਸਲ ਮਨੋਰਥ ਸਮਝ ਲੈਂਦਾ ਹੈ। ਇਸ ਤਰ੍ਹਾਂ ਤ੍ਰਿਸ਼ਨਾਵਾਂ ਅਤੇ ਲਾਲਸਾਵਾਂ ਸਾਨੂੰ ਆਪਣੀ ਜਕੜ ਵਿੱਚ ਲੈ ਲੈਂਦੀਆਂ ਹਨ। ਉਹ ਭਰਮ-ਭੁਲੇਖੇ ਅਤੇ ਦੁਚਿੱਤੀ ਵਿੱਚ ਫ਼ਸੇ ਹੋਏ ਮਨੁੱਖ ਨੂੰ ਆਪਣਾ ਅਸਲ ਮਨੋਰਥ ਸਮਝ ਬੈਠਦਾ ਹੈ। ਭਰਮ-ਭੁਲੇਖਿਆਂ ਅਤੇ ਦੁਚਿੱਤੀ ਵਿੱਚ ਫਸੇ ਹੋਏ ਮਨੁੱਖ ਨੂੰ ਕੇਵਲ ਗੁਰੂ ਕੀ ਮਿਹਰ ਅਤੇ ਉਪਦੇਸ਼ ਹੀ ਸਿੱਧੇ ਰਸਤੇ ਲਿਆ ਸਕਦੇ ਹਨ ਅਤੇ ਉਸ ਦੇ ਮਨ ਵਿਚਲੇ ਸ਼ੰਕਿਆਂ ਦਾ ਨਿਵਾਰਣ ਕਰ ਸਕਦੇ ਹਨ। ਇਸੇ ਲਈ ਸਾਹਿਬ ਫ਼ਰਮਾਉਂਦੇ ਹਨ :

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੯੧੯

ਇਸੇ ਤੱਥ ਨੂੰ ਗੁਰੂ ਸਾਹਿਬ ਨੇ ਇਵੇਂ ਦ੍ਰਿੜ ਕਰਵਾਇਆ ਹੈ:

ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਗੁਰੂ ਦੀ ਸਿੱਖਿਆ ਰਾਹੀਂ ਹੀ ਸਹਿਜ ਦੀ ਸਥਿਤੀ ਉਤਪੰਨ ਹੰਦੀ ਹੈ। ਇਸੇ ਲਈ ਤਾਂ ਗੁਰੂ ਦੀ ਸਿੱਖਿਆ ਜਾਂ ਸ਼ਬਦ ਦਾ ਮਹੱਤਵ ਹੈ। ਗੁਰੂ ਅਮਰਦਾਸ ਜੀ ਦਾ ਆਦੇਸ਼ ਹੈ:

ਸਬਦੈ ਹੀ ਤੇ ਸਹਜੁ ਉਪਜੈ ਹਰਿ ਪਾਇਆ ਸਚੁ ਸੋਇ ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਕੇ ਹੀ ਮਨੁੱਖ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਮਾਇਆ ਤਾਂ ਇਕ ਛਲਾਵਾ ਹੈ। ਮਾਇਆ ਵੱਲ ਰੁਚਿਤ ਹੋਣ ਅਤੇ ਮਾਇਆ ਵਿੱਚ ਖਚਿਤ ਹੋਣਾ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਣਾ ਹੈ ਕਿਉਂਕਿ ਮੋਹ ਮਾਇਆ ਨਾਲ਼ ਪਿਆਰ ਝੂਠਾ ਹੈ, ਦਵੈਤ ਹੈ, ਪ੍ਰਭੂ ਤੋਂ ਟੁੱਟਣਾ ਹੈ। ਇਸੇ ਲਈ ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਮਾਇਆ ਜਾਂ ਸੰਸਾਰਕ ਪ੍ਰਾਪਤੀਆਂ ਤਾਂ ਮਨੁੱਖ ਨੂੰ ਪ੍ਰਭੂ ਤੋਂ ਦੂਰ ਲਿਜਾਣ ਵਾਲ਼ੀਆਂ ਹਨ। ਜਿਵੇਂ-ਜਿਵੇਂ ਇਹਨਾਂ ਪ੍ਰਾਪਤੀਆਂ ਵਿੱਚ ਵਾਧਾ ਹੁੰਦਾ ਹੈ ਤਿਵੇਂ-ਤਿਵੇਂ ਮਨੁੱਖ ਆਤਮਕ ਅਤੇ ਮਾਨਸਿਕ ਤੌਰ 'ਤੇ ਵਧੇਰੇ ਰੋਗ-ਗ੍ਰਸਤ ਹੋਈ ਜਾਂਦਾ ਹੈ ਅਤੇ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਮਿਲਣ ਕੀ ਬਰੀਆ ਨਿਹਫ਼ਲ ਅਤੇ ਅਜਾਈਂ ਚਲੀ ਜਾਂਦੀ ਹੈ। ਮਨੁੱਖਾ ਜਨਮ ਨੂੰ ਵਿਅਰਥ ਗੁਆਉਣ ਤੋਂ ਰੋਕਣ ਵਾਲ਼ੀ ਅਵਸਥਾ ਹੀ ਸਹਿਜ ਦੀ ਅਵਸਥਾ ਹੈ ਕਿਉਂਕਿ ਸਹਿਜ ਦੀ ਅਵਸਥਾ ਵਿੱਚ ਹੀ ਮਨ ਦੀ ਭਟਕਣ ਦੂਰ ਹੁੰਦੀ ਹੈ। ਮਨੁੱਖੀ ਮਨ ਵਿੱਚ ਸਬਰ ਸੰਤੋਖ ਦੇ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। ਇਹ ਇੱਕ ਅਟੱਲ ਸੱਚਾਈ ਹੈ , ਜੋ ਜੁਗਾਂ-ਜੁਗਾਂ ਤੋਂ ਇਵੇਂ ਹੀ ਕਾਰਜਸ਼ੀਲ ਹੈ। ਗੁਰੂ ਨਾਨਕ ਦੇਵ ਜੀ ਦਾ ਆਦੇਸ਼ ਹੈ:

ਆਦਿ ਜੁਗਾਦਿ ਸਹਜਿ ਮਨੁ ਧੀਰਿ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮੬

ਸਹਿਜ ਅਵਸਥਾ 'ਤੇ ਪੁੱਜ ਕੇ ਮਨ ਨੂੰ ਧੀਰਜ ਅਤੇ ਧਰਵਾਸ ਮਿਲਦੀ ਹੈ। ਏਧਰ-ਉਧਰ ਦੀ ਭਟਕਣਾ ਦੂਰ ਹੁੰਦੀ ਹੈ। ਚਿੱਤ ਟਿਕਾਣੇ 'ਤੇ ਆਉਂਦਾ ਹੈ, ਮਨੁੱਖ ਦੇ ਰਸਤੇ ਦੀਆਂ ਰੁਕਾਵਟਾਂ ਦੂਰ ਹੁੰਦੀਆਂ ਹਨ ਅਤੇ ਜੀਵ ਨਿਰਵਿਘਨ ਪ੍ਰਭੂ ਦੀ ਭਗਤੀ ਵਿੱਚ ਲੀਨ ਹੋ ਕੇ ਪ੍ਰਭੂ ਵਿੱਚ ਇਕਮਿਕਤਾ ਵੱਲ ਅਗਰਸਰ ਹੁੰਦਾ ਹੈ। ਇਸ ਬਾਰੇ ਭਗਤ ਰਵੀਦਾਸ ਜੀ ਦਾ ਮਹਾਂਵਾਕ ਹੈ :

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੫੮

ਅਰਥਾਤ ਵੱਡੇ ਭਾਗਾਂ ਕਰਕੇ ਹੀ ਸਹਿਜ ਦੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ, ਜਿੱਥੇ ਜਨਮ ਮਰਨ ਦਾ ਭੈਅ ਖ਼ਤਮ ਹੋ ਜਾਂਦਾ ਹੈ। ਅਜਿਹੀ ਭੈ-ਮੁਕਤ ਅਵਸਥਾ ਦਾ ਵਰਣਨ ਭਗਤ ਕਬੀਰ ਜੀ ਵੀ ਇਹਨਾਂ ਵਚਨਾਂ ਰਾਹੀਂ ਕਰਦੇ ਹਨ :-

ਮਰਨ ਜੀਵਨ ਕੀ ਸੰਕਾ ਨਾਸੀ॥
ਆਪਨ ਰੰਗਿ ਸਹਜ ਪਰਗਾਸੀ॥ -ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੯

ਇਸ ਤਰ੍ਹਾਂ ਜਦੋਂ ਸਹਿਜ ਦਾ ਪ੍ਰਕਾਸ਼ ਹੋ ਜਾਂਦਾ ਹੈ, ਤਾਂ ਜੀਵ ਆਪਣੇ ਜੀਵਨ ਦੇ ਅਸਲ ਮਨੋਰਥ ਵੱਲ ਵਧਦਾ ਹੈ। ਇਹ ਮਨੋਰਥ ਆਦ੍ਰਿਸ਼ਟ, ਅਕੱਥ, ਨਿਰਾਕਰ ਪ੍ਰਭੂ ਨਾਲ਼ ਇਕਮਿਕਤਾ ਦੀ ਪ੍ਰਾਪਤੀ ਹੈ। ਇਸੇ ਲਈ ਗੁਰਬਾਣੀ ਦਾ ਆਦੇਸ਼ ਹੈ:

ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਜਗਿਆਸੂ ਦਾ ਮਨ ਵਿੱਚ ਇਹ ਪ੍ਰਸ਼ਨ ਉਤਪੰਨ ਹੋ ਸਕਦਾ ਹੈ ਕਿ ਜਿਸ ਸਹਿਜ ਅਵਸਥਾ ਵਿੱਚ ਵਿਚਰਣ ਨਾਲ਼ ਆਦ੍ਰਿਸ਼ਟ ਪ੍ਰਭੂ ਦੀ ਪਛਾਣ ਹੋ ਜਾਂਦੀ ਹੈ, ਨਿਰਭੈ ਨਿਰੰਕਾਰ ਪ੍ਰਭੂ ਨਾਲ਼ ਮਿਲਾਪ ਕੀ ਹੈ ਅਤੇ ਉਸ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਪ੍ਰਾਪਤੀ ਸਬੰਧੀ ਵਿਚਾਰ ਕਰਦਿਆਂ ਹੋਇਆਂ ਅਸੀਂ ਵੇਖਿਆ ਹੈ ਕਿ ਗੁਰੂ ਦੀ ਸ਼ਰਨ ਵਿੱਚ ਅਉਣ ਨਾਲ਼ ਅਤੇ ਗੁਰੂਦੀ ਸਿੱਖਿਆ ਉੱਤੇ ਚੱਲਣ ਨਾਲ਼ ਜੀਵ ਸਹਿਜ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਪੂਰਬਲੇ ਚੰਗੇ ਕਰਮਾਂ ਕਰਕੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਦੀ ਮਿਹਰ ਰਾਹੀਂ ਹੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ॥

ਸਹਜੇ ਪਾਵੈ ਸੋਇ ਵਣਾਹੰਬੈ॥ -ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੪

ਸਹਿਜ ਅਵਸਥਾ ਦੀ ਪ੍ਰਾਪਤੀ ਤੋਂ ਪਿੱਛੋਂ ਜੀਵ ਇਹ ਮਹਿਸੂਸ ਕਰਦਾ ਹੈ ਕਿ ਇਹ ਸਾਰੀਆਂ ਸੰਸਾਰਕ ਪ੍ਰਾਪਤੀਆਂ ਨਿਰਮੂਲ ਹਨ ਤੇ ਮਨੁੱਖੀ ਜੀਵਨ ਦੀ ਅਸਲ ਪ੍ਰਾਪਤੀ ਤਾਂ ਪ੍ਰਭੂ ਦਾ ਮਿਲਾਪ ਹੀ ਹੋ ਸਕਦਾ ਹੈ। ਇਸ ਅਵਸਥਾ 'ਤੇ ਪੁੱਜ ਕੇ ਮਨੁੱਖ ਅਜਿਹੇ ਉੱਚ ਆਤਮਿਕ ਮੰਡਲ ਦੀ ਪ੍ਰਾਪਤੀ ਕਰਦਾ ਹੈ, ਜਿਸ ਵਿੱਚ ਮੋਹ ਮਾਇਆ ਜਾ ਜਾਲ ਟੁੱਟ ਜਾਂਦਾ ਹੈ। ਇਸੇ ਪ੍ਰਥਾਇ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥ -ਗੁਰੂ ਗ੍ਰੰਥ ਸਾਹਿਬ, ਪੰਨਾ ੭੧੩

ਕਿਉਂਕਿ ਪ੍ਰਭੂ ਦੇ ਨਾਮ ਸਿਮਰਨ ਦੀ ਇਹ ਵਡਿਆਈ ਹੈ ਕਿ ਸਿਮਰਨ ਕਰਨ ਵਾਲ਼ੇ ਦੇ ਦੁੱਖਾਂ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਦੋਂ ਇਹ ਸੰਸਾਰਕ ਅਤੇ ਸਰੀਰਕ ਕਿਰਿਆਵਾਂ ਖ਼ਤਮ ਹੋ ਜਾਂਦੀਆਂ ਹਨ , ਤਾਂ ਮਨੱਖ ਦਿਨ ਰਾਤ ਹੀ ਪ੍ਰਭੂ ਦੇ ਨਾਮ ਨਾਲ਼ ਜੁੜ ਜਾਂਦਾ ਹੈ। ਅਜਿਹੀ ਅਵਸਥਾ ਵਿੱਚ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:

ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ॥

ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ॥ -ਗੁਰੂ ਗ੍ਰੰਥ ਸਾਹਿਬ, ਪੰਨਾ ੩੯੮

ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਮਨੁੱਖੀ ਜੀਵਨ ਦਾ ਸਰਵੋਤਮ ਮਨੋਰਥ ਪ੍ਰਭੂ ਦੀ ਪ੍ਰਾਪਤੀ ਹੈ। ਗੁਰੂ ਦੀ ਸਿੱਖਿਆ ਅਨੁਸਾਰ ਜੀਵ ਇਸ ਮਾਰਗ ਉੱਤੇ ਅਗਰਸਰ ਹੁੰਦਾ ਹੈ। ਮਨੁੱਖ ਪ੍ਰਭੂ ਪ੍ਰਾਪਤੀ ਲਈ ਯਤਨ ਤਾਂ ਕਰਦਾ ਹੈ ਪ੍ਰੰਤੂ ਇਹ ਯਤਨ ਨਿਸ਼ਕਾਮ ਹੋਣੇ ਚਾਹੀਦੇ ਹਨ। ਇਹ ਨਿਸ਼ਚਿਤ ਨਹੀਂ ਕਿ ਕਿਸੇ ਨਿਸ਼ਚਿਤ ਗਿਣਤੀ ਵਿੱਚ ਪ੍ਰਭੂ ਦਾ ਨਾਮ ਸਿਮਰਨ ਨਾਲ਼ ਉਸ ਦੀ ਪ੍ਰਾਪਤੀ ਅਵੱਸ਼ ਹੀ ਹੋ ਜਾਵੇਗੀ, ਸਗੋਂ ਪ੍ਰਭੂ ਦੇ ਪਿਆਰ ਦਾ ਪਾਤਰ ਬਣਨ ਤੋਂ ਬਾਅਦ ਜੋ ਜੀਵ ਹਰਖ ਸੋਗ ਤੋਂ ਨਿਆਰਾ ਹੋ ਜਾਂਦਾ ਹੈ, ਉਸ ਲਈ ਕੋਈ ਆਪਣਾ ਅਤੇ ਕੋਈ ਪਰਾਇਆ ਨਹੀਂ। ਉਹ ਦੁਖ ਅਤੇ ਸੁਖ ਨੂੰ ਇੱਕ ਸਮਾਨ ਸਮਝਦਾ ਹੈ, ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਗੱਲ ਕੀ ਜੋ ਜੀਵ ਹਰ ਹਾਲ ਵਿੱਚ ਇੱਕ ਸਮਾਨ ਰਹਿੰਦਾ ਹੈ, ਜਿਸ ਨੂੰ ਸੰਸਾਰਕ ਪ੍ਰਾਪਤੀਆਂ ਲੋਭਾਇਮਾਨ ਨਹੀਂ ਕਰਦੀਆਂ, ਜੋ ਪੰਜੇ ਵਿਕਾਰਾਂ 'ਤੇ ਕਾਬੂ ਪਾ ਲੈਂਦਾ ਹੈ, ਜਿਸ ਲਈ ਮਾਨ ਅਪਮਾਨ ਦੇ ਕੋਈ ਅਰਥ ਨਹੀਂ, ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਭਾਵ ਇਹ ਕਿ ਸੰਸਾਰਕ ਪ੍ਰਾਪਤੀਆਂ/ਅਪ੍ਰਾਪਤੀਆਂ, ਲਾਲਸਾਵਾਂ, ਤ੍ਰਿਸ਼ਨਾਵਾਂ, ਖਾਹਿਸ਼ਾਂ ਆਦਿ ਉਸ ਦੇ ਮਨ ਨੂੰ ਵਿਚਲਿਤ ਨਹੀਂ ਕਰਦੀਆਂ ਅਤੇ ਉਹ ਮੋਹ ਮਾਇਆ ਦੇ ਜਾਲ ਵਿੱਚ ਨਾ ਫਸਕੇ ਆਪਣੇ ਜੀਵਨ ਦੇ ਹਰ ਸਵਾਸ ਨੂੰ ਸਕਾਰਥ ਕਰਦਾ ਹੋਇਆ ਇਸ ਗੱਲ ਨੂੰ ਪੱਲੇ ਬੰਨ੍ਹ ਲੈਂਦਾ ਹੈ:

ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥

ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥

ਸੁਖ ਸਹਜ ਆਨੰਦ ਲਹਹੁ।। ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ।।

-ਗੁਰੂ ਗ੍ਰੰਥ ਸਾਹਿਬ, ਪੰਨਾ ੧੧੪੭

ਜੋ ਇਨਸਾਨ ਇਸ ਸਹਿਜ ਅਵਸਥਾ ਤੱਕ ਪੁੱਜ ਜਾਂਦਾ ਹੈ, ਉਸ ਦਾ ਮਨ ਸ਼ਾਂਤ ਅਤੇ ਚਿੱਤ ਸਥਿਰ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਪ੍ਰਭੂ ਦੀ ਰਜ਼ਾ ਵਿੱਚ ਰੰਗ ਦਿੰਦਾ ਹੈ। ਪ੍ਰਭੂ ਅੱਗੇ ਕੋਈ ਵੀ ਮੰਗ ਨਹੀਂ ਰਹਿੰਦੀ। ਆਪਣੇ ਆਪ ਨੂੰ ਪ੍ਰਭੂ ਦੀ ਇੱਛਾ ਦੇ ਹਵਾਲੇ ਕਰ ਦਿੰਦਾ ਹੈ। ਸਮੁੱਚਾ ਜੀਵਨ ਇੱਕ ਰਸ ਹੋ ਜਾਂਦਾ ਹੈ, ਮਨ ਵਿੱਚ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ, ਜੀਵਨ ਦੇ ਸਾਰੇ ਹਨੇਰੇ ਖ਼ਤਮ ਹੋ ਜਾਂਦੇ ਹਨ। ਅੰਤ ਪ੍ਰਭੂ ਦੀ ਕਿਰਪਾ ਹੁੰਦੀ ਹੈ ਅਤੇ ਜੀਵ ਸੁਤੇ-ਸਿੱਧ ਹੀ ਸਹਿਜ ਰੂਪੀ ਪ੍ਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ ਅਤੇ ਇਸ ਅਵਸਥਾ 'ਤੇ ਪੁੱਜ ਕੇ ਅਨਹਦ ਸ਼ਬਦ ਸੁਣਾਈ ਦਿੰਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ:

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ॥

-ਗੁਰੂ ਗ੍ਰੰਥ ਸਾਹਿਬ, ਪੰਨਾ ੧੦੬੯

ਇਸ ਤਰ੍ਹਾਂ ਗੁਰਬਾਣੀ ਅਨੁਸਾਰ ਸਹਿਜ ਅਵਸਥਾ ਇੱਕ ਉੱਚ ਆਤਮਿਕ ਅਵਸਥਾ ਹੈ, ਜਿਸ ਨੂੰ ਚਉਥਾ ਪਦ ਵੀ ਆਖਦੇ ਹਨ ਅਤੇ ਜੋ ਗੁਰਮੁਖ ਨੂੰ ਪ੍ਰਾਪਤ ਹੁੰਦਾ ਹੈ। ਇਸੇ ਲਈ ਗੁਰਬਾਣੀ ਦਾ ਆਦੇਸ਼ ਹੈ:

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ -ਗੁਰੂ ਗ੍ਰੰਥ ਸਾਹਿਬ, ਪੰਨਾ ੬੮

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਗੁਰਬਾਣੀ ਵਿਚ ਵਰਤਿਆ 'ਸਹਿਜ' ਇਕ ਸ਼ਬਦ ਮਾਤਰ ਹੀ ਨਹੀਂ ਹੈ ਬਲਕਿ ਇਹ ਸੰਕਲਪ ਤੋਂ ਸਿਧਾਂਤ ਤੱਕ ਦਾ ਪੈਂਡਾ ਤੈਅ ਕਰਦਾ ਹੈ। ਇਸ ਦੇ ਅਰਥਾਂ ਦਾ ਘੇਰਾ 'ਸੁਭਾਵਕ' ਵਰਗੇ ਸਧਾਰਨ ਅਰਥ ਤੋਂ ਲੈ ਕੇ 'ਪਰਮਾਤਮਾ' ਦਾ ਸਮਾਨਾਰਥੀ ਬਣ ਕੇ ਵਿਸ਼ਵ-ਵਿਆਪੀ ਹੋ ਨਿਬੜਦਾ ਹੈ। ਇਸ ਤਰ੍ਹਾਂ ਇਹ ਮਨੁੱਖ ਦੀ ਉਸ ਯਾਤਰਾ ਦਾ ਵੀ ਸੂਚਕ ਹੈ ਜਿਹੜੀ ਉਸ ਨੇ ਆਪਣੀ ਸਧਾਰਨ ਹਸਤੀ ਤੋਂ ਪਰਮਹਸਤੀ ਤੱਕ ਤੈਅ ਕਰਨੀ ਹੁੰਦੀ ਹੈ। ਗੁਰਬਾਣੀ ਅਨੁਸਾਰ ਗੁਰੂ ਇਸ ਯਾਤਰਾ ਵਿਚ ਮਨੁੱਖ ਦਾ ਸਹਾਇਕ ਹੈ। ਗੁਰੂ ਰੂਪੀ ਗਿਆਨ ਦੀ ਸਹਾਇਤਾ ਨਾਲ ਹੀ ਮਨੁੱਖ ਸਹਿਜ ਰੂਪੀ ਪਰਮਸੱਤ ਤੱਕ ਅੱਪੜ ਸਕਦਾ ਹੈ। ਉਸ ਦੇ ਰਸਤੇ ਦੀ ਮਾਇਆ ਜਿਹੀ ਰੁਕਾਵਟ ਨੂੰ ਗੁਰੂ ਰੂਪੀ ਗਿਆਨ ਨਾਲ ਦੂਰ ਕਰਕੇ ਹੀ ਸਹਿਜ ਦੀ ਪ੍ਰਾਪਤੀ ਹੁੰਦੀ ਹੈ।